ਮਸਤੂਆਣਾ ਸਾਹਿਬ: ਸਰਕਾਰੀ ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀ ਪ੍ਰੇਸ਼ਾਨ

ਪ੍ਰਸ਼ਾਸਨ ਤੋਂ ਸਮੱਸਿਆ ਦਾ ਹੱਲ ਮੰਗਿਆ; ਕੰਡਕਟਰਾਂ ਨੂੰ ਬੱਸਾਂ ਰੋਕਣ ਬਾਰੇ ਲਿਖਤੀ ਹੁਕਮ ਜਾਰੀ: ਜੀਐੱਮ

ਪੱਤਰ ਪ੍ਰੇਰਕ

ਮਸਤੂਆਣਾ ਸਾਹਿਬ, 4 ਸਤੰਬਰ

ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਵੱਲੋਂ ਸਥਾਪਤ ਕੀਤੇ ਗਏ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਚੱਲ ਰਹੀਆਂ ਇੱਕ ਦਰਜਨ ...

... ਸਕੂਲ ਜਾਂ ਕਾਲਜ ਦੇਰੀ ਨਾਲ ਪੁੱਜਦੇ ਹਨ। ਉਨ੍ਹਾਂ ਪੀਆਰਟੀਸੀ ਮੈਨੇਜਮੈਂਟ ਤੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੂੰ ਲਿਖਤੀ ਪੱਤਰ ਦੇ ਕੇ ਵਿਦਿਆਰਥੀਆਂ ਨੂੰ ਬੱਸ ਸਫਰ ਵਿੱਚ ਆ ਰਹੀਆਂ ਮੁਸ਼ਕਲਾਂ ...

ਪਟਿਆਲਾ ਵਿੱਚ ਬਲਾਕ ਪੱਧਰੀ ਖੇਡਾਂ 'ਚ ਹਿੱਸਾ ਲੈਂਦੇ ਹੋਏ ਖਿਡਾਰੀ। -ਫੋਟੋ: ਅਕੀਦਾ

▶ ਪਟਿਆਲਾ ਸ਼ਹਿਰੀ ਦੇ ਖੋ-ਖੋ ਮੁਕਾਬਲਿਆਂ 'ਚ ਪੋਲੋ ਗਰਾਊਂਡ ਕੋਚਿੰਗ ਸੈਂਟਰ ਦੀ ਟੀਮ ਜਿੱਤੀ

ਪੱਤਰ ਪ੍ਰੇਰਕ

ਪਟਿਆਲਾ, 4 ਸਤੰਬਰ

'ਖੇਡਾਂ ਵਤਨ ਪੰਜਾਬ ਦੀਆਂ-2024' ਤਹਿਤ ਪਟਿਆਲਾ ਜ਼ਿਲ੍ਹੇ ਦੇ ਪਹਿਲੇ ਪੜਾਅ ਦੇ ਚਾਰ ਬਲਾਕਾਂ ਦੇ ਅੱਜ ਬਲਾਕ ਪੱਧਰੀ ਖੇਡਾਂ ਦੇ ਫਾਈਨਲ ਮੁਕਾਬਲੇ ਕਰਵਾਏ ਗਏ।

ਅੱਜ ਹੋਏ ਫਾਈਨਲ ਮੁਕਾਬਲਿਆਂ ਦੇ ਨਤੀਜਿਆਂ ਸਬੰਧੀ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਪਟਿਆਲਾ ਸ਼ਹਿਰੀ ਦੇ ਖੋ-ਖੋ (ਲੜਕੇ) ਅੰਡਰ-17 ਦੇ ਫਾਈਨਲ ਮੁਕਾਬਲਿਆਂ ਵਿੱਚ ਪੋਲੋ ਗਰਾਊਂਡ ਕੋਚਿੰਗ ਸੈਂਟਰ ਦੀ ਟੀਮ ਪਹਿਲੇ, ਰਾਮਗੜ੍ਹ ਦੀ ਟੀਮ ਦੂਜੇ ਅਤੇ ਧਬਲਾਨ ਦੀ ਟੀਮ ਤੀਜੇ ਸਥਾਨ 'ਤੇ ਰਹੀ, ਇਸੇ ਤਰ੍ਹਾਂ ਲੜਕੀਆਂ ਦੇ ਮੁਕਾਬਲਿਆਂ ਵਿੱਚ ਪੋਲੋ ਗਰਾਊਂਡ ਦੀ ਟੀਮ ਪਹਿਲੇ ਅਤੇ ਡਕਾਲਾ ਦੀ ਟੀਮ ਦੂਸਰੇ ਸਥਾਨ 'ਤੇ ਰਹੀ।

ਅੰਡਰ-21 ਦੇ ਫਾਈਨਲ ਮੁਕਾਬਲਿਆਂ ਵਿੱਚ ਪੋਲੋ ਗਰਾਊਂਡ ਕੋਚਿੰਗ ਸੈਂਟਰ ਦੀ ਟੀਮ ਪਹਿਲੇ, ਵਜੀਦਪੁਰ ਦੀ ਟੀਮ ਦੂਸਰੇ ਅਤੇ ਡਕਾਲਾ ਦੀ ਟੀਮ ਤੀਸਰੇ ਸਥਾਨ 'ਤੇ ਰਹੀ। ਉਨ੍ਹਾਂ ਦੱਸਿਆ ਕਿ ਬਲਾਕ ਸ਼ੰਭੂ ਕਲਾਂ ਦੇ ਖੋ-ਖੋ (ਲੜਕੀਆਂ) ਅੰਡਰ-21 ਖੇਡ ਮੁਕਾਬਲਿਆਂ ਵਿੱਚ ਗ੍ਰਾਮ ਪੰਚਾਇਤ ਤੇਪਲਾ ਦੀ ਟੀਮ ਨੇ ਪਹਿਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੰਭੂ ਕਲਾਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਅਥਲੈਟਿਕਸ ਮੁਕਾਬਲੇ ਖਿੱਚ ਦਾ ਕੇਂਦਰ ਰਹੇ

ਸੁਨਾਮ ਊਧਮ ਸਿੰਘ ਵਾਲਾ (ਨਿੱਜੀ ਪੱਤਰ ਪ੍ਰੇਰਕ): ਬਲਾਕ ਸੁਨਾਮ ਦੇ ਸ਼ਹੀਦ ਊਧਮ ਸਿੰਘ ਓਲੰਪਿਕ ਸਟੇਡੀਅਮ ਵਿੱਚ ਖੇਡਾਂ ਵਤਨ ਪੰਜਾਬ ਦੀਆਂ-2024 ਅਧੀਨ ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਬਲਾਕਾਂ 'ਚ ਖਿਡਾਰੀਆਂ ਨੇ ਐਥਲੈਟਿਕਸ, ਫੁਟਬਾਲ, ਖੋ-ਖੋ, ਕਬੱਡੀ (ਨੈਸ਼ਨਲ ਸਟਾਇਲ), ਕਬੱਡੀ (ਸਰਕਲ ਸਟਾਇਲ), ਵਾਲੀਬਾਲ (ਸ਼ੂਟਿੰਗ), ਵਾਲੀਬਾਲ ਦੇ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ। ਜ਼ਿਲ੍ਹਾ ਖੇਡ ਅਫਸਰ ਨਵਦੀਪ ਸਿੰਘ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੌਰਾਨ ਅੱਜ ਬਲਾਕ ਸੁਨਾਮ ਵਿਖੇ ਐਥਲੈਟਿਕਸ ਦੇ ਮੁਕਾਬਲੇ ਖਿੱਚ ਦਾ ਕੇਂਦਰ ਬਣੇ। ਇਸ ਤਹਿਤ ਈਵੈਂਟ 400 ਮੀਟਰ ਅੰਡਰ-17 (ਲੜਕੇ) ਦੇ ਮੁਕਾਬਲੇ ਵਿੱਚ ਰਮਨ ਸਿੰਘ, ਗੁਰਵਿੰਦਰ ਸਿੰਘ, ਸਤਗੁਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਕਬੱਡੀ (ਸਰਕਲ ਸਟਾਇਲ) ਅੰਡਰ-21 (ਪੁਰਸ਼) ਦੇ ਮੁਕਾਬਲੇ ਦੌਰਾਨ ਪਿੰਡ ਛੰਨੇ ਦੀ ਟੀਮ ਨੇ ਪਹਿਲਾ, ਕਲੱਬ ਭਾਜਲੀ ਦੀ ਟੀਮ ਨੇ ਦੂਸਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਖੇਪਲ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਬਲਾਕ ਭਵਾਨੀਗੜ੍ਹ ਦੇ ਦੈਨਿਊ ਚੈਰਾਸੀ ਬਾਬਾ ਬੰਦਾ ਸਿੰਘ ਬਹਾਦਰ ਸਟੇਡੀਅਮ ਪੰਨਵਾ ਵਿਖੇ, ਹੋਏ ਮੁਕਾਬਲੇ ਦੌਰਾਨ ਅੰਡਰ-14 (ਲੜਕੀਆਂ) ਵਿੱਚ ਪਿੰਡ ਫਤਿਹਗੜ੍ਹ ਭਾਦਸੋਂ ਦੀ ਟੀਮ ਨੇ ਪਹਿਲਾ, ਸਰਕਾਰੀ ਮਿਡਲ ਸਕੂਲ ਛਨੇੜੀ ਦੀ ਟੀਮ ਨੇ ਦੂਸਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਪੀਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ।

... ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਵੱਖ-ਵੱਖ ਬਲਾਕਾਂ ਤੋਂ ਆਏ ਕਾਰਕੁਨਾਂ ਵੱਲੋਂ, ਇਥੋਂ ਦੇ ਗੁਰਦੁਆਰਾ ਸੱਚਖੰਡ ਸਾਹਿਬ ਵਿਖੇ ਕੀਤੀ ਮੀਟਿੰਗ 'ਚ ਜ਼ਿਲ੍ਹਾ ਪੱਧਰੀ ਧਰਨੇ ਬਾਰੇ ਵਿਚਾਰ ਚਰਚਾ ਕੀਤੀ ਗਈ। ਮਜ਼ਦੂਰ ਜਥੇਬੰਦੀ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 27 ਸਤੰਬਰ ਨੂੰ ਸੰਗਰੂਰ ਦੇ ਡੀਸੀ ਦਫਤਰ ਅੱਗੇ ਧਰਨਾ ਲਾਉਣ ਦਾ ਐਲਾਨ ਕੀਤਾ ਹੋਇਆ ਹੈ। ਇਸ ਦੌਰਾਨ ਲਹਿਰਾਗਾਗਾ, ਭਵਾਨੀਗੜ੍ਹ, ਧੂਰੀ, ਸੁਨਾਮ ਅਤੇ ਦਿੜ੍ਹਬਾ ਤੋਂ ਆਏ ਕਾਰਕੁਨਾਂ ਨੂੰ ਸੂਬਾ ਆਗੂਆਂ ਬਲਵਿੰਦਰ ਸਿੰਘ ਜਲੂਰ ਅਤੇ ਪ੍ਰਗਟ ਸਿੰਘ ਕਾਲਾਝਾੜ ਨੇ ਸੰਬੋਧਨ ਕੀਤਾ।

ਲਹਿਰਾਗਾਗਾ, 4 ਸਤੰਬਰ

ਲਹਿਰਾਗਾਗਾ ਵਿੱਚ ਵੱਡੀ ਗਊਸ਼ਾਲਾ ਹੋਣ ਦੇ ਬਾਵਜੂਦ ਸਥਾਨਕ ਸ਼ਹਿਰ 'ਚ ਲਾਵਾਰਿਸ ਪਸ਼ੂਆਂ ਕਾਰਨ ਲੋਕ ਪ੍ਰੇਸ਼ਾਨ ਹਨ। ਇੱਥੇ ਰਾਤ ਵੇਲੇ ਪਸ਼ੂਆਂ ਕਾਰਨ ਹਾਦਸਿਆਂ ਦਾ ਖਦਸ਼ਾ ਬਣਿਆ ਰਹਿੰਦਾ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਇੱਕ ਆਵਾਰਾ ਪਸ਼ੂ ਨੇ ਸ਼ਹਿਰ ਦੇ ਪਿੰਡ ਵਾਲੇ ਪਾਸੇ ਇੱਕ ਬਿਰਧ ਔਰਤ ਨੂੰ ਟੱਕਰ ਮਾਰ ਦਿੱਤੀ, ਜਿਸ ਉਸ ਦੀ ਮੌਤ ਹੋ ਗਈ। ਕੁੱਝ ਸਮਾਂ ਪਹਿਲਾਂ ਸਰਕਾਰ ਵੱਲੋਂ ਸੰਗਰੂਰ ਨੇੜੇ ਖੋਲ੍ਹੀ ਵੱਡੀ ਗਊਸ਼ਾਲਾ ਵਿੱਚ ਆਵਾਰਾ ਪਸ਼ੂਆਂ ਨੂੰ ਭੇਜਿਆ ਜਾਂਦਾ ਸੀ ਪਰ ਇਹ ਯੋਜਨਾ ਠੱਪ ਹੋ ਗਈ ਹੈ ਜਿਸ ਕਰਕੇ ਮੁੱਖ ਅਤੇ ਲਿੰਕ ਸੜਕਾਂ 'ਤੇ ਲਾਵਾਰਿਸ ਪਸ਼ੂਆਂ ਕਰ ਕੇ ਹਾਦਸੇ ਵਾਪਰਦੇ ਹਨ। ਉਧਰ ਗਊਸ਼ਾਲਾ ਕਮੇਟੀ ਦਾ ਕਹਿਣਾ ਹੈ ਕਿ ਉਹ ਫੀਡ, ਤੂੜੀ ਦੀ ਘਾਟ ਦੇ ਬਾਵਜੂਦ 1700-1800 ਗਊਆਂ ਨੂੰ ਸੰਭਾਲ ਰਹੇ ਹਨ। ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਗੁਰਲਾਲ ਸਿੰਘ, ਸਾਬਕਾ ਕੌਂਸਲਰ ਦਵਿੰਦਰ ਨੀਟੂ ਆਦਿ ਦਾ ਕਹਿਣਾ ਹੈ ਕਿ ਹੁਣ ਵੀ ਗਊਸ਼ਾਲਾ ਕਮੇਟੀ ਅਤੇ ਪ੍ਰਸ਼ਾਸਨ ਉਡੀਕ ਵਿੱਚ ਹੈ ਕਿ ਕਦੋਂ ਕੋਈ ਵੱਡਾ ਹਾਦਸਾ ਹੋਵੇ ਕਿਉਂਕਿ ਸ਼ਾਮ ਸਮੇਂ ਇਹ ਪਸ਼ੂ ਸੜਕਾਂ 'ਤੇ ਰਾਹ ਵਿੱਚ ਹੀ ਬੈਠ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਸ਼ੂਆਂ ਦੀ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ।

ਲਹਿਰਾਗਾਗਾ ਵਿੱਚ ਸੜਕਾਂ 'ਤੇ ਖੜ੍ਹੇ ਲਾਵਾਰਿਸ ਪਸ਼ੂ।

ਮੀਂਹ ਮਗਰੋਂ ਸਬਜ਼ੀ ਦੀਆਂ ਕੀਮਤਾਂ ਵਿੱਚ ਵਾਧਾ

ਪੱਤਰ ਪ੍ਰੇਰਕ

ਲਹਿਰਾਗਾਗਾ, 4 ਸਤੰਬਰ

ਮੀਂਹ ਮਗਰੋਂ ਸਬਜ਼ੀ ਦੀਆਂ ਕੀਮਤਾਂ ਕਾਫ਼ੀ ਵਧ ਗਈਆਂ ਹਨ। ਜਾਣਕਾਰੀ ਅਨੁਸਾਰ ਲਹਿਰਾਗਾਗਾ 'ਚ ਪਿਛਲੇ ਹਫ਼ਤੇ 20 ਤੋਂ 25 ਰੁਪਏ ਕਿੱਲੋ ਵਿਕਣ ... ਦਾ ਹੈ ਜਿਹੜਾ 30 ਰੁਪਏ ਪ੍ਰਤੀ ਕਿਲੋ ਤੋਂ ਵਧ ਕੇ 50 ਰੁਪਏ ਪ੍ਰਤੀ ਕਿਲੋ ਰਿਟੇਲ 'ਚ ਵਿਕ ਰਿਹਾ ਹੈ। ਇਸੇ ਤਰ੍ਹਾਂ ਹਰੇ ਮਟਰ 150 ਰੁਪਏ, ਗੋਭੀ 85-100 ਰੁਪਏ, ਖੀਰਾ 40- 50 ਰੁਪਏ, ਹਰੀ ਮਿਰਚ 80, ਆਲੂ 30-35, ਕੱਦੂ 80 ਤੋਂ ਘਟ ਕੇ 30 ਰੁਪਏ 'ਤੇ ...

ਇਕ ਨਜ਼ਰ

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ

... ਕਰਵਾਉਣ ਲਈ ਸਮ ਸਮੇਂ 'ਤੇ ਰਾਸ਼ੀ ਦੇ ਚੈੱਕ ਦਿੱਤੇ ਜਾਂਦੇ ਹਨ। ਇਸ ਦੌਰਾਨ ਉਨ੍ਹਾਂ ਦੱਸਿਆ ਕਿ 18 ਅਕਤੂਬਰ ਨੂੰ ਸ੍ਰੀ ਚੰਦ ਦਾ 530ਵਾਂ ਜਨਮ ਦਿਹਾੜਾ ਮਨਾਇਆ ਜਾਵੇਗਾ। -ਪੱਤਰ ਪ੍ਰੇਰਕ

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮੀਨਾਰ

▶ ਬੁਲਾਰਿਆਂ ਨੇ ਗੁਰੂ ਗ੍ਰੰਥ ਸਾਹਿਬ ਅਤੇ ਵਿਸ਼ਵ ਸ਼ਾਂਤੀ ਬਾਰੇ ਵਿਚਾਰ ਸਾਂਝੇ ਕੀਤੇ

ਪੱਤਰ ਪ੍ਰੇਰਕ

ਪਟਿਆਲਾ, 4 ਸਤੰਬਰ

ਪੰਜਾਬੀ ਯੂਨੀਵਰਸਿਟੀ ਵਿੱਚ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿੱਚ ਸਥਾਪਤ ਗੁਰੂ ਗੋਬਿੰਦ ਸਿੰਘ ਚੇਅਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਸ਼ਵ ਸ਼ਾਂਤੀ ਵਿਸ਼ੇ 'ਤੇ ਕਰਵਾਇਆ ਗਿਆ। ਸੈਮੀਨਾਰ ਦਾ ਪ੍ਰਧਾਨਗੀ ਭਾਸ਼ਣ ਚੇਅਰ ਦੇ ਪ੍ਰੋਫੈਸਰ ਇੰਚਾਰਜ ਡਾ. ਗੁਰਮੀਤ ਸਿੰਘ ਸਿੱਧੂ ਵੱਲੋਂ ਦਿੱਤਾ ਗਿਆ। ਉਨ੍ਹਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਜਿਹੜੀਆਂ ਕੌਮਾਂ ਸ਼ਹਾਦਤਾਂ ਨੂੰ ਸਬਰ, ਸੰਤੋਖ ਅਤੇ ਪਰਮਾਤਮਾ ਦੇ ਭਾਣੇ ਅਨੁਸਾਰ ਸਵੀਕਾਰ ਕਰਦੀਆਂ ਹਨ ਉਨ੍ਹਾਂ ਕੌਮਾਂ ਦੀਆਂ ਪੀੜ੍ਹੀਆਂ ਨੂੰ ਸਰਕਾਰਾਂ ਵਲੋਂ ਅਤਿਵਾਦੀ ਕਹਿਣਾ ਨੈਤਿਕ ਪੱਖੋਂ ਸਹੀ ਨਹੀਂ ਜਾਪਦਾ।

ਵਿਦਵਾਨਾਂ ਦਾ ਸਨਮਾਨ ਕਰਦੇ ਹੋਏ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ ਤੇ ਹੋਰ। -ਫੋਟੋ: ਅਕੀਦਾ

ਸੈਮੀਨਾਰ ਦੀ ਸ਼ੁਰੂਆਤ ਯੂਨੀਵਰਸਿਟੀ ਧੁਨੀ ਨਾਲ ਹੋਈ ਜਿਸ ਉਪਰੰਤ ਮੰਚ ਸੰਚਾਲਕ ਡਾ. ਪਰਦੀਪ ਕੌਰ (ਰਿਸਰਚ ਐਸੋਸੀਏਟ) ਨੇ ਗੁਰੂ ਗੋਬਿੰਦ ਸਿੰਘ ਚੇਅਰ ਅਤੇ ਇਸ ਸੈਮੀਨਾਰ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੱਤੀ। ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ ਨੇ ਇਸ ਪ੍ਰਕਾਸ਼ ਪੁਰਬ ਦੀ ਮਹਾਨਤਾ ਬਿਆਨਦੇ ਹੋਏ ਉਸ ਸਮੇਂ ਦੀ ਸਥਿਤੀ ਅਤੇ ਅਨੁਭਵ ਬਾਰੇ ਵਿਚਾਰ ਸਾਂਝੇ ਕੀਤੇ। ਯੂਨੀਵਰਸਿਟੀ ਕਾਲਜ, ਮੀਰਾਂਪੁਰ ਤੋਂ ਡਾ. ਤੇਜਿੰਦਰ ਪਾਲ ਸਿੰਘ ਨੇ ਆਪਣੇ ਪਰਚੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨਾਲ ਸਬੰਧਤ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਗੁਰੂ ਸਾਹਿਬ ਦੀ ਬਾਣੀ ਹਨੇਰ ਰੂਪੀ ਮਨ ਵਿਚ ਚਾਨਣ ਪੈਦਾ ਕਰਦੀ ਹੈ। ਖ਼ਾਲਸਾ ਕਾਲਜ ਪਟਿਆਲਾ ਤੋਂ ਡਾ. ਗੁਰਵੀਰ ਸਿੰਘ ਨੇ ਆਪਣੇ ਖੋਜ ਪਰਚੇ ਵਿਚ ਵਿਸ਼ਵ ਸ਼ਾਂਤੀ ਦੀ ਗੱਲ ਕੀਤੀ। ਸੈਮੀਨਾਰ ਵਿਚ ਵਿਭਾਗ ਦੇ ਅਧਿਆਪਕ ਡਾ. ਤੇਜਿੰਦਰ ਕੌਰ ਧਾਲੀਵਾਲ, ਡਾ. ਰੁਪਿੰਦਰ ਕੌਰ ਅਤੇ ਵਿਭਾਗ ਦੇ ਖੋਜਾਰਥੀ ਅਤੇ ਵਿਦਿਆਰਥੀ ਸ਼ਾਮਲ ਹੋਏ।

ਸਬਜ਼ੀ ਮੰਡੀ ਆੜ੍ਹਤੀਆ ਐਸੋਸੀਏਸ਼ਨ ਦੀ ਚੋਣ

ਪੱਤਰ ਪ੍ਰੇਰਕ

ਸੁਨਾਮ ਊਧਮ ਸਿੰਘ ਵਾਲਾ, 4 ਸਤੰਬਰ

ਸਬਜ਼ੀ ਮੰਡੀ ਆੜ੍ਹਤੀਆ ਐਸੋਸੀਏਸ਼ਨ ਸੁਨਾਮ ਦੀ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਸੰਧੇ ਦੀ ਪ੍ਰਧਾਨਗੀ ਹੇਠ ਸਥਾਨਕ ਸਬਜ਼ੀ ਮੰਡੀ 'ਚ ਹੋਈ, ਜਿਸ ਵਿਚ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਮੰਗਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮਗਰੋਂ ਅਹੁਦੇਦਾਰਾਂ ਦੀ ਚੋਣ ਵਿੱਚ ਬਾਬੂ ਰਤਨ ਚਾਵਲਾ ਨੂੰ ਪ੍ਰਧਾਨ, ਸੁਰਜੀਤ ਸਿੰਘ ਖਿੰਦ ਮੀਤ ਪ੍ਰਧਾਨ, ਕਾਮਰੇਡ ਗੁਰਮੀਤ ਸਿੰਘ ਜਨਰਲ ਸਕੱਤਰ, ਬਲਦੇਵ ਸਿੰਘ ਫੌਜੀ ਖਜ਼ਾਨਚੀ ਅਤੇ ਜੱਸੀ ਸਿੰਘ ਜੈਸਨ ਨੂੰ ਸਹਾਇਕ ਖਜ਼ਾਨਚੀ ਚੁਣਿਆ ਗਿਆ। ਨਵ-ਨਿਯੁਕਤ ਪ੍ਰਧਾਨ ਬਾਬੂ ਰਤਨ ਚਾਵਲਾ ਨੇ ਐਸੋਸੀਏਸ਼ਨ ਦੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰਿਆਂ ਨੂੰ ਨਾਲ ਲੈਕੇ ਮੰਡੀ 'ਚ ਸਫਾਈ, ਰੋਸ਼ਨੀ ਅਤੇ ਮੰਡੀ ਦੇ ਟੁੱਟੇ ਹੋਏ ਗੇਟ ਤੇ ਗਰਿੱਲਾਂ ਦੀ ਮੁਰੰਮਤ ਦਾ ਮਸਲਾ ਜਲਦ ਹੀ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਅਤੇ ਸਕੱਤਰ ਨਾਲ ਗੱਲਬਾਤ ਰਾਹੀਂ ਹੱਲ ਕਰਵਾਉਣ ਦਾ ਹਰ ਸੰਭਵ ਯਤਨ ਕਰਨਗੇ।

▶ ਬਾਬੂ ਰਤਨ ਚਾਵਲਾ ਪ੍ਰਧਾਨ ਬਣੇ

ਦੀ ਸਰਵਾਲੋਕੌਟ ਖੇਤੀਬਾੜੀ ਬਹੁਮਤਵੀ ਸਹਿਕਾਰੀ ਸਭਾ ਲਿਮ. ਸਰਵਾਲੋਕੌਟ (ਮਾਲੇਰਕੋਟਲਾ)

ਸੇਲਜ਼ਮੈਨ : ਪੋਸਟ 1 ਅਪਲਾਈ ਲਈ, ਅੰਤਿਮ ਮਿਤੀ : 17-09-2024 ਸ਼ਾਮ 5 ਤੱਕ ਸਭਾ ਦੇ ਦਫ਼ਤਰ ਵਿੱਚ, ਫੀਸ : 1000 ਰੁਪਏ ਦਾ ਡਰਾਫਟ ਸਭਾ ਦੇ ਨਾਮ 'ਤੇ। ਸਿਲੈਕਸ਼ਨ ਮਿਤੀ : 18-09-2024, ਉਮਰ ਹੱਦ: 18-37 ਸਾਲ, ਸਿਰਫ ਆਪ੍ਰੇਸ਼ਨ ਏਰੀਆ ਅਪਲਾਈ ਕਰ ਸਕਦਾ ਹੈ। ਯੋਗਤਾ : ਗਰੈਜੂਏਟ ਅਤੇ 120 ਘੰਟੇ ਦਾ ਕੰਪਿਊਟਰ ਕੋਰਸ। ਸਕਿਊਰਿਟੀ : 2 ਏਕੜ ਜ਼ਮੀਨ ਜਾਂ 50000 ਰੁਪਏ ਕੈਸ਼ ਦੀ ਗਰੰਟੀ ਲਈ ਜਾਵੇਗੀ, ਪੇਂਡੂ ਪ੍ਰਿਫੈਂਸ। ਵਧੇਰੇ ਜਾਣਕਾਰੀ ਲਈ ਦਿੱਤੇ ਹੋਏ ਨੰਬਰ 'ਤੇ ਸੰਪਰਕ ਕਰੋ।

ਪ੍ਰਧਾਨ ਨੰ: 8725818983

ਬਾ: ਅਦਾਲਤ ਸ੍ਰੀ ਜਸਪ੍ਰੀਤ ਸਿੰਘ, (ਸਹਾਇਕ ਕੁਲੈਕਟਰ ਦਰਜਾ ਅੱਵਲ), ਤਹਿਸੀਲਦਾਰ, ਰਾਜਪੁਰਾ।

ਵਿਸ਼ਾ-ਮਾਲ ਰਿਕਾਰਡ ਵਿੱਚ ਨਾਮ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਵਾਸੀ ਨਲਾਸਕਲਾਂ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਦਾ ਨਾਮ ਮਾਲ ਰਿਕਾਰਡ ਪਿੰਡ ਨਲਾਸਕਲਾਂ ਵਿੱਚ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਤਬਦੀਲ ਨਾਮ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਕਰਨ ਸਬੰਧੀ।

ਇਸ਼ਤਿਹਾਰ-ਨੋਟਿਸ

ਉਪਰੋਕਤ ਵਿਸ਼ੇ ਸਬੰਧੀ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਵਾਸੀ ਨਲਾਸਕਲਾਂ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਵੱਲੋਂ ਇਕ ਦਰਖਾਸਤ ਪੇਸ਼ ਕੀਤੀ ਗਈ ਕਿ ਉਸਦਾ ਨਾਮ ਮਾਲ ਰਿਕਾਰਡ ਪਿੰਡ ਨਲਾਸਕਲਾਂ ਤਹਿਸੀਲ ਰਾਜਪੁਰਾ ਵਿੱਚ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਦਰਜ ਹੈ। ਉਸਦੇ ਸਾਰੇ ਦਸਤਾਵੇਜ਼ਾਂ ਵਿਚ ਉਸਦਾ ਨਾਮ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਦਰਜ ਹੈ, ਉਹ ਦੋ ਨਾਮਾਂ ਵਾਲਾ ਇਕ ਹੀ ਵਿਅਕਤੀ ਹੈ। ਇਹ ਕਿ ਮਾਲ ਰਿਕਾਰਡ ਵਿੱਚ ਉਸਦਾ ਦਾ ਨਾਮ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਦਰਜ ਹੋਣ ਕਾਰਨ ਉਸ ਨੂੰ ਕਾਫੀ ਮੁਸ਼ਕਿਲ ਆ ਰਹੀਆਂ ਹਨ। ਇਸ ਲਈ ਉਸਦਾ ਨਾਮ ਮਾਲ ਰਿਕਾਰਡ ਪਿੰਡ ਨਲਾਸਕਲਾਂ ਵਿੱਚ ਉਸ ਦਾ ਨਾਮ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਦੀ ਬਜਾਏ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਕੀਤਾ ਜਾਵੇ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਦਾ ਨਾਮ ਮਾਲ ਰਿਕਾਰਡ ਵਿੱਚ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਤਬਦੀਲ ਨਾਮ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਹੋਣ ਵਿੱਚ ਕੋਈ ਇਤਰਾਜ਼ ਹੈ, ਤਾਂ ਉਹ ਇਹ ਇਸ਼ਤਿਹਾਰ ਜਾਰੀ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਖੁਦ ਜਾਂ ਵਕੀਲ ਰਾਹੀਂ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਸਮੇਂ ਤੋਂ ਬਾਅਦ ਕਿਸੇ ਵੀ ਵਿਅਕਤੀ ਦਾ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਦਾ ਨਾਮ ਮਾਲ ਰਿਕਾਰਡ ਪਿੰਡ ਨਲਾਸਕਲਾਂ ਵਿੱਚ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਦੀ ਬਜਾਏ ਰਾਕੇਸ਼ ਗਿਰ ਪੁੱਤਰ ਪਿਆਰਾ ਗਿਰ ਤਬਦੀਲ ਨਾਮ ਹਰਕੇਸ਼ ਗਿਰ ਪੁੱਤਰ ਪਿਆਰਾ ਗਿਰ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਮਿਤੀ 30.08.2024 ਨੂੰ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਅੱਵਲ,
(ਤਹਿਸੀਲਦਾਰ), ਰਾਜਪੁਰਾ

ਦੌਰਾਨ ਟੈਂਪੂ ਡਰਾਈਵਰ ਗੰਭੀਰ ਜ਼ਖ਼ਮੀ

ਮੂਣਕ, 4 ਸਤੰਬਰ (ਭਾਰਦਵਾਜ, ਸਿੰਗਲਾ)-ਬੀਤੀ ਦੇਰ ਰਾਤ ਮੂਣਕ ਪਾਤੜਾਂ ਮੁੱਖ ਮਾਰਗ 'ਤੇ ਵੱਡੇ ਟਰੱਕ (ਘੋੜਾ) ਅਤੇ ਆਈਸ਼ਰ ਟੈਂਪੂ ਦੀ ਟੱਕਰ ਹੋ ਜਾਣ ਨਾਲ ਟੈਂਪੂ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਟੈਂਪੂ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਜਦਕਿ ਟਰੱਕ ਦਾ ਵੀ ਕੁਝ ਨੁਕਸਾਨ ਹੋ ਗਿਆ। ਆਇਸ਼ਰ ਟੈਂਪੂ ਦੇ ਡਰਾਈਵਰ ਦੇ ਭਰਾ ਕੁਲਦੀਪ ਸਿੰਘ ਵਾਸੀ ਨੇ ਦੱਸਿਆ ਕਿ ਉਸ ਦਾ ਭਰਾ ਸਤਬੀਰ ਸਿੰਘ ਟੈਂਪੂ ਵਿਚ ਬੀਕਾਨੇਰ ਤੋਂ ਪੁਰਾਣੇ ਬੂਟਾਂ ਦਾ ਕਬਾੜ ਲੋੜ ਕਰ ਕੇ ਸਰਹੰਦ ਫ਼ੈਕਟਰੀ ਵਿਚ ਲੈ ਕੇ ਜਾ ਰਿਹਾ ਸੀ। ਜਦੋਂ ਉਹ ਸਲੇਮਗੜ੍ਹ ਪਿੰਡ ਕੋਲ ਆਪਣੀ ਸਾਈਡ ਪਾਤੜਾਂ ਵੱਲ ਜਾ ਰਿਹਾ ਸੀ ਤਾਂ ਸਾਹਮਣੇ ਪਾਤੜਾਂ ਵਲੋਂ ਆ ਰਹੇ ਟਰੱਕ (ਘੋੜਾ) ਦੀ ਟੈਂਪੂ ਨਾਲ ਟੱਕਰ ਹੋ ਗਈ ਇਸ ਦੌਰਾਨ ਟੈਂਪੂ ਦਾ ਕੈਬਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਰਾਹਗੀਰਾਂ ਵਲੋਂ ਬੜੀ ਮਸਕਤ ਨਾਲ ਟੈਂਪੂ ਵਿਚ ਫਸੇ ਜ਼ਖਮੀ ਡਰਾਈਵਰ ਸਤਬੀਰ ਸਿੰਘ ਨੂੰ ਟੈਂਪੂ ਵਿਚੋਂ ਬਾਹਰ ਕੱਢਿਆ ਗਿਆ ਜਿਸ ਦਾ ਇਲਾਜ ਸਿਵਲ ਹਸਪਤਾਲ ਸੰਗਰੂਰ ਵਿਖੇ ਚੱਲ ਰਿਹਾ ਹੈ ਹਨੇਰਾ ਹੋਣ ਕਾਰਨ ਟਰੱਕ ਦਾ ਡਰਾਈਵਰ ਅਤੇ ਉਸ ਦੇ ਸਾਥੀ ਮੌਕੇ ਤੋਂ ਫ਼ਰਾਰ ਹੋਣ ਵਿਚ ਸਫਲ ਹੋ ਗਏ।

ਚੱਬਵਾਲ ਅਤੇ ਡੇਰਾ ਬਾਬਾ ਨਾਨਕ ਦੇ ਚਾਰਾਂ ਹਲਕਿਆ 'ਚ ਕਾਂਗਰਸ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੇ ਪੰਜਾਬ ਵਿਚਲੇ ਨਤੀਜਿਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਰਾਜ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਹੀ ਹੈ ਅਤੇ ਅੱਜ ਲੋਕ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਚ ਹੀ ਆਪਣਾ ਵਿਸ਼ਵਾਸ ਪ੍ਰਗਟਾ ਰਹੇ ਹਨ। ਰਾਜ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੂੰ ਹਰ ਫ਼ਰੰਟ ਉੱਤੇ ਫ਼ੇਲ੍ਹ ਸਰਕਾਰ ਕਰਾਰ ਦਿੰਦਿਆਂ ਕਿਹਾ ਕਿ ਅੱਜ ਪੰਜਾਬੀ ਉਸ ਵੇਲੇ ਨੂੰ ਪਛਤਾ ਰਹੇ ਹਨ ਜਦ ਇਸ ਸਰਕਾਰ ਨੂੰ ਸੱਤਾ ਵਿਚ ਲਿਆਂਦਾ ਸੀ।

ਸਰਕਾਰੀ ਹਸਪਤਾਲ ਸੰਗਰੂਰ ਵਿਖੇ ਸੀਵਰੇਜ ਬੋਰਡ ਦੇ ਮੁਲਾਜ਼ਮ ਮਨਦੀਪ ਸਿੰਘ ਜੇਰੇ ਇਲਾਜ ਦੀ ਤਸਵੀਰ। ਤਸਵੀਰ: ਧੰਨਾ

ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਲੋਂ ਕਸਬੇ ਵਿਚ ਚੱਲ ਰਹੇ ਪੀਣ ਵਾਲੇ ਪਾਣੀ ਦੇ ਜਾਅਲੀ ਕਨੈਕਸ਼ਨ ਅਤੇ ਪਲਾਟਾਂ ਵਿਚ ਖੇਤੀਬਾੜੀ ਦੇ ਲਈ ਖੁੱਲ੍ਹੇ ਆਮ ਚੱਲ ਰਹੇ ਪੀਣ ਵਾਲੇ ਪਾਣੀ ਦੇ ਕੁਨੈਕਸ਼ਨਾਂ ਨੂੰ ਬੰਦ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ ਜਿਸ ਦੇ ਤਹਿਤ ਸੀਵਰੇਜ ਬੋਰਡ ਵਿਚ ਕੰਮ ਕਰਦੇ ਮਨਦੀਪ ਸਿੰਘ ਜੋ ਬਤੌਰ ਫਿਟਰ ਦਾ ਕੰਮ ਕਰਦਾ ਹੈ। ਜਦੋਂ ਮਨਦੀਪ ਸਿੰਘ ਘਰਾਂ ਵਿਚ ਡਿਊਟੀ ਦੇ ਸਮੇਂ ਪਾਣੀ ਦੀ ਸਪਲਾਈ ਚੈੱਕ ਕਰ ਰਿਹਾ ਸੀ ਤਾਂ ਉਦੋਂ ਗੱਡੀਆਂ ਧੋਣ ਵਾਲੇ ਸਰਵਿਸ ਸਟੇਸ਼ਨ ਉੱਪਰ ਪੀਣ ਵਾਲਾ ਪਾਣੀ ਖੁੱਲ੍ਹਾ ਚੱਲ ਰਿਹਾ ਵਿਚ ਇੱਟ ਮਾਰ ਕੇ ਸਿਰ ਪਾੜ ਦਿੱਤਾ। ਉਕਤ ਮੁਲਾਜ਼ਮ ਅਤੇ ਹੋਰ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਵਲੋਂ ਪਹਿਲਾਂ ਵੀ ਇਸ ਵਿਅਕਤੀ ਨੂੰ ਕਈ ਵਾਰ ਜ਼ੁਬਾਨੀ ਤੌਰ 'ਤੇ ਕਹਿ ਚੁੱਕੇ ਹਾਂ। ਮਨਦੀਪ ਸਿੰਘ ਜ਼ੇਰੇ ਇਲਾਜ ਸਰਕਾਰੀ ਹਸਪਤਾਲ ਸੰਗਰੂਰ ਵਿਖੇ ਦਾਖਲ ਹੈ। ਜਥੇਬੰਦੀ ਵਲੋਂ ਮੰਗ ਕੀਤੀ ਗਈ ਹੈ ਕਿ ਦੋਸ਼ੀ ਦੇ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਜੇਕਰ ਸੀਵਰਜ ਬੋਰਡ ਦੇ ਅਧਿਕਾਰੀਆਂ ਵਲੋਂ ਸਖ਼ਤ ਐਕਸ਼ਨ ਨਹੀਂ ਲਿਆ ਜਾਂਦਾ ਤਾਂ ਸਾਰਾ ਸੀਵਰੇਜ ਸਿਸਟਮ ਬੰਦ ਕਰ ਕੇ ਧਰਨਾ ਦਿੱਤਾ ਜਾਵੇਗਾ।

ਲੋਹਾਰ ਸਭਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਵੱਡੀ ਗਿਣਤੀ ਵਿਚ ਸੰਗਤਾਂ ਗੁਰੂ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਈਆਂ ਅਤੇ ਇਲਾਕੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਅਮਰਜੀਤ ਸਿੰਘ ਨੇ ਪ੍ਰਕਾਸ਼ ਦਿਹਾੜੇ ਸਬੰਧੀ ਸੰਗਤਾਂ ਨਾਲ ਵਿਚਾਰ ਸਾਂਝੀ ਕੀਤੇ ਅਤੇ ਗੁਰਦੁਆਰਾ ਸਾਹਿਬ ਦੇ ਰਸੀਵਰ ਭਾਈ ਰਾਜਿੰਦਰ ਸਿੰਘ ਬਿੱਟੂ ਵਲੋਂ ਸਮੂਹ ਸੰਗਤਾਂ ਨੂੰ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਕਾਰ ਸੇਵਾ ਕਮੇਟੀ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ।

ਮਲੇਰਕੋਟਲਾ ਜ਼ਿਲ੍ਹੇ ਅੰਦਰ 'ਸਿਗਨੇਚਰ' ਕੈਪਸੂਲ ਦੀ ਸ਼ਰੇਆਮ ਵਿਕਰੀ ਖ਼ਿਲਾਫ਼ ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਸਖ਼ਤੀ ਦੇ ਆਦੇਸ਼

ਡਾਕਟਰ ਦੀ ਪਰਚੀ ਤੋਂ ਬਗੈਰ ਕੈਪਸੂਲ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ

ਮਲੇਰਕੋਟਲਾ, 4 ਸਤੰਬਰ (ਪਰਮਜੀਤ ਸਿੰਘ ਕੁਠਾਲਾ)-ਇਲਾਕੇ ਅੰਦਰ ਨਸ਼ੇੜੀਆਂ ਵਲੋਂ ਧੜੱਲੇ ਨਾਲ ਵਰਤੇ ਜਾ ਰਹੇ 'ਸਿਗਨੇਚਰ' ਕੈਪਸੂਲ ਦੀ ਵਿਕਰੀ ਉੱਪਰ ਸਖ਼ਤੀ ਕਰਦਿਆਂ ਜ਼ਿਲ੍ਹਾ ਮੈਜਿਸਟ੍ਰੇਟ ਮਲੇਰਕੋਟਲਾ ਡਾ. ਪੱਲਵੀ ਨੇ ਪ੍ਰੀਗੈਬਾਲਿਨ 75 ਐਮ.ਜੀ ਤੋਂ ਵੱਧ ਮਾਤਰਾ ਦੇ ਕੈਪਸੂਲਾਂ ਦੀ ਬਿਨਾਂ ਡਾਕਟਰੀ ਬੀ.ਐਨ.ਐਸ.ਐਸ (ਭਾਰਤੀ ਨਾਗਰਿਕ ਸੁਰੱਕਸਾ ਸੰਘਤਾ 2023) ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਲੇਰਕੋਟਲਾ 'ਚ ਪ੍ਰੀਗੈਬਾਲਿਨ 75 ਐਮ.ਜੀ ਤੋਂ ਵੱਧ ਮਾਤਰਾ ਦੇ ਕੈਪਸੂਲਾਂ ਦੀ ਖੁੱਲ੍ਹੇ ਤੌਰ 'ਤੇ ਵੇਚਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਪਾਬੰਦੀ ਦੇ ਹੁਕਮ ਜਾਰੀ ਕਰਦਿਆਂ ਦੱਸਿਆ ਕਿ ਪ੍ਰੀਗੈਬਾਲਿਨ ਦਵਾਈ ਦੀ 75 ਐਮ ਜੀ ਤੋਂ ਵੱਧ ਮਾਤਰਾ ਦੇ ਕੈਪਸੂਲ ਦੇ ਵੇਚਣ ਵੇਲੇ ਕੈਮਿਸਟ ਵਲੋਂ ਡਾਕਟਰ ਦੀ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਅਤੇ ਮੈਡੀਸਨ ਦੇਣ ਦੀ ਮਿਤੀ ਦਰਜ ਕਰਨੀ ਲਾਜ਼ਮੀ ਕਰ ਦਿੱਤੀ ਗਈ ਹੈ। ਇਹ ਹੁਕਮ ਪਹਿਲੀ ਨਵੰਬਰ 2024 ਤੱਕ ਲਾਗੂ ਰਹਿਣਗੇ।

ਸੂਬੇ 'ਚ ਅਮਨ-ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ-ਛੰਨਾ

ਸ਼ੇਰਪੁਰ, 4 ਸਤੰਬਰ (ਮੇਘ ਰਾਜ ਜੋਸ਼ੀ)-ਭਾਜਪਾ ਕਿਸਾਨ ਮੋਰਚੇ ਦੇ ਸੂਬਾ ਮੁੱਖ ਬੁਲਾਰੇ ਨਰਿੰਦਰਪਾਲ ਸਿੰਘ ਛੰਨਾ ਨੇ ਸ਼ੇਰਪੁਰ ਵਿਖੇ ਗੱਲਬਾਤ ਕਰਦਿਆਂ ਫ਼ਿਰੋਜ਼ਪੁਰ 'ਚ ਅੰਨ੍ਹੇਵਾਹ ਗੋਲੀਆਂ ਮਾਰ ਕੇ ਲੜਕੀ ਸਮੇਤ ਤਿੰਨ ਦੀ ਹੱਤਿਆ ਸਮੇਤ ਸੂਬੇ ਵਿਚ ਹਰ ਰੋਜ਼ ਹੋ ਰਹੇ ਕਤਲੇਆਮ ਵਰਗੀਆਂ ਘਟਨਾਵਾਂ ਦੀ ਨਿਖੇਦੀ ਕਰਦਿਆਂ ਕਿਹਾ ਕਿ ਰਾਜ ਵਿਚ ਅਮਨ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਸੂਬੇ ਵਿਚ ਅਮਨ ਕਾਨੂੰਨ ਵਿਵਸਥਾ ਠੀਕ ਕੀਤੀ ਜਾਵੇ, ਜੇਕਰ ਮੁੱਖ ਮੰਤਰੀ ਤੋਂ ਅਜਿਹੀਆਂ ਘਟਨਾਵਾਂ 'ਤੇ ਕਾਬੂ ਨਹੀਂ ਹੁੰਦਾ ਤਾਂ ਤੁਰੰਤ ਅਸਤੀਫ਼ਾ ਦੇ ਦੇਣ।

ਦੀ ਸੇਰਵਾਨੀਕੋਟ ਖੇਤੀਬਾੜੀ ਬਹੁਮੰਤਵੀ ਸਹਿਕਾਰੀ ਸਭਾ ਲਿਮ: ਸੇਰਵਾਨੀਕੋਟ ਮਾਲੇਰਕੋਟਲਾ

ਸੈਲਜਮੈਨ : ਪੋਸਟ 1 ਅਪਲਾਈ ਲਈ, ਅੰਤਿਮ ਮਿਤੀ : 17-09-2024 ਸ਼ਾਮ 5 ਤੱਕ ਸਭਾ ਦੇ ਦਫ਼ਤਰ ਵਿੱਚ, ਫ਼ੀਸ : 1000 ਰੁਪਏ ਦਾ ਡਰਾਫਟ ਸਭਾ ਦੇ ਨਾਮ 'ਤੇ। ਸਿਲੈਕਸ਼ਨ ਮਿਤੀ : 18-09-2024, ਉਮਰ ਹੱਦ: 18-37 ਸਾਲ, ਸਿਰਫ ਆਪ੍ਰੇਸ਼ਨ ਏਰੀਆ ਅਪਲਾਈ ਕਰ ਸਕਦਾ ਹੈ। ਯੋਗਤਾ : ਗਰੈਜੂਏਟ ਅਤੇ 120 ਘੰਟੇ ਦਾ ਕੰਪਿਊਟਰ ਕੋਰਸ। ਸਕਿਉਰਿਟੀ : 2 ਏਕੜ ਜ਼ਮੀਨ ਜਾਂ 50000 ਰੁਪਏ ਕੈਸ਼ ਦੀ ਗਰੰਟੀ ਲਈ ਜਾਵੇਗੀ, ਪੇਂਡੂ ਪਿਛੋਕੜ। ਵਧੇਰੇ ਜਾਣਕਾਰੀ ਲਈ ਦਿੱਤੇ ਹੋਏ ਨੰਬਰ 'ਤੇ ਸੰਪਰਕ ਕਰੋ।

ਫ਼ੋਨ ਨੰ: 8725818983